# गुरू नानक अते चमतकार

"गुर नानक हरि नामु द्रिड़ायआ भन्नन घड़न समरथु ॥
प्रभु सदा समालह मित्र तू दुखु सबायआ लथु॥"- स्री गुरू अरजन देव जी

गुरू नानक जिस अग्गे क्रोड़ां लोक झुक्क गए सन, अज्ज उस दे कौतकां जां चमतकारां नूं मन्नन तों कई लोक आकी ने, उहनां नूं बेनती है कि गुरू साहब तां बहुत दूर दी गल है, तुसी किरपा करके हेठ दिते जिन्दा मामल्यां दे कारन ही लभ्भ के जे समाज दे ग्यान विच वाधा कर द्यो तां तुहाडी वड्डी सेवा होवेगी

गुरू नानक दा जीवन है ही निरे कौतक। कदी उजड़्या खेत साबत हो जांदा है। कदी रुक्ख दी छां खलो जांदी है। तेरा तेरा तौलन वाले दा जदों हिसाब हुन्दा है तां उलटे पैसे गुरू दे वधदे ने। सज्जन ठग्ग दे घेरे 'चों निरे साबत ही नही निकलदे उनूं आपना सिक्ख वी बना दिन्दे ने। कदी ज़ालम मलिक भागो दे पूड़्यां विचों लहू सिंमदा है। बाबा सैकड़े थावे ते चशमे जारी करदा है। बादशाह सिकन्दर लोधी दा हाथी जिवाउन उपरंत उहदे मूंह ते कह दिन्दा वा कि 'तेरा इह दान पुन्न निरा फरेब है'। उह राखशां दे देस विच बेखौफ हो फिरदा है। मक्के मदीने गैर मुसलमान दा जाना मना हुन्दा है उह निधड़्ड़क पहुंच सच्च धरम दा उपदेश दिन्दा है। कदी समुन्दरां ते तुरदा है कदी सुरत नाल हजारां कोहां दा पैडा पल विच तह कर दिन्दा है।

इहदे बावजूद गुरू नानक ते लिखद्यां पड़्हद्यां असां वेख्या कि अजोके जमाने विच गुरू जी ते बहुतियां लिखतां नासतक लोकां ने ही लिखियां हन। लगपग 80 कु साल पहलां पंजाब ते कम्यूनिजम दा हमला होना शुरू होया सी। 40 कु सालां विच इस पदारथवाद ने पंजाब दा बुधीजीवी पूरी तरां कलावे विच लै ल्या।

जदों पंजाब ते नासतकवाद दा हमला जोरां ते सी तां लग पग इहनां ही दिनां विच मैकलोड जेहे ईसायी मिशनरियां ने आ पंजाब डेरे लाए। मिशनरियां ने इथों दा महौल भाप के जनमसाखियां विच जेहड़ा चमतकार पक्ख सी उस नूं निशाना बना ल्या। फिर की सी, इस खित्ते विच कंम करन वाले विदवान पब्बां भार हो मकलौड जेहा मूहरे हो तुरे। इहनां कामरेडां ने मैकलोड नूं इक छोटा जेहा सवाल पुच्छन दी वी खेचल नां कीती कि "जनाब इस बारे तुहाडा की विचार है जेहड़ा ईसायी कहन्दे ने कि जीसस कुंवारी दी कुक्खो पैदा होया सी?" पंजाब दुशमन इहनां लिखारियां ने इह वी समझन दी कोशिश नां कीती कि अगला ईसायी मिशनरी है।

नतीजा की निकल्या कि जेहड़ा कंम विरोधी ने करनां सी उह साडे आपण्यां ने कीता। उह वी धरम दा मखौटा पा के, लंमे लंमे दाहड़े रक्ख के।



कोसटा रीका दे उह कौन लोक सन जो दो दो मीटर व्यास अते 15-15 टन्न भारे पत्थरां दे गोले बणायआ करदे सन। उहनां कोल केहड़ी सायंस सी जिस नाल उह पत्थर नूं इउ चुक्की फिरदे सन जिवे रूं? उह सभिअ्अता किथे गई?

अज्ज सकूलां कालजां विच पदारथवाद ही पड़ायआ लिखायआ जा रेहा है। नासतकवाद दी इह भरपूर फसल हुन पक्कनी शुरू हो गई है। जिसदे नतीजे समाज ने भुगतने शुरू कर दित्ते हन। मिसाल दे तौर ते पंजाब विच बच्च्यां दी गिणती खतरनाक दर नाल घटी है। उह पंजाबी कौम जो दुनियां भर विच सूरबीर गिनी गई सी अज्ज खुदकशियां दे राह ते है। नशे ने पंजाब नूं अधमोयां कर दित्ता है। पंजाब सरकार दी कुल टैक्स आमदन विचों तीसरा हिस्सा ऐकसाईज (शराब ते टैकस) तों है। रिशवतखोरी जोरां ते है। पदारथवादी दौड़ इस हद्द तक पहुंच गई है कि पंजाब विच डंगर घट्टन दे बावजूद दुद्ध दी मातरा वधी है। पदारथवाद क्युकि सच्च, निमरता, द्या धरम ते भारू हो जांदा है जिस कारन पंजाब विच फुकरापन अज्ज सिखर ते है। मिसाल दे तौर ते बेहार यूपी तों आ के गरीब बड़्हिया मालामाल हो जांदा है जदों कि पंजाबी नौजवान नूं इथे रुजगार नजर नही आउदा। साडे तजरब्बे विच इक अलौकिक केस साहमने आया। प्राईवेट सकूल विच इक अध्यापका 4000 रुपए महीने ते कंम कर रही सी ते घर विच पट्ठे दत्थे लई 6000 रुपए महीने ते बड़्हिया रक्ख्या होया सी। सानूं पता लग्गा इक इह वरतारा तां आम है।

जिथों तक हकूमत दा सवाल है सरकारां ने इस वरतारे नूं उतशाह दित्ता है। जिथों तक पंजाब दा सबंध है सैकूलरइजम दे मायने 'धरम विरोधी' हन जदों कि बाकी सूब्यां विच अरथ 'धरम निरपक्ख' है।

इह सानूं साबत करन दी जरूरत ही नही रह गई कि पंजाब दी सिख्या नासतकवाद पड़ाउदी है अते असूल है कि भड़कायआं अते पड़ायआं तां पत्थर वी पाट जांदे ने।

पंजाब विच इह सोच उस वेले वी भारू है आरथिकता दे मुद्दे ते आ के नासतकवाद ने हार मन्न लई है। रूस च पूरी तरां हत्थ ही खड़े करे ते चीन विच नासतकवाद मन्न गया कि पैदावार दे साधनां ते राज दा कंट्रोल खतरनाक हुन्दा है। जरूरत अनुसार इह मंडी तह करदी है किसे चीज़ दी किन्नी उपज होन है इस दा भाय की रहेगा।

खुशकिसमती नाल अज्ज सायंस मन्न गई है कि पदारथ नूं ताकत (Energy) विच बदल्या जा सकदा है।

जदों कि बचपन विच ही सानूं पड़्हायआ गया सी (Indestructibility of matter) कि पदारथ कदी नशट नही हुन्दा अते नां ही इस नूं पैदा कीता जा सकदा है। इह तां सिरफ रूप बदलदा है। (बरफ गरम होन ते पानी बण जांदी है ते होर गरमी मिलन नाल पानी भाफ भाव गैस भाव अदिख रूप। फिर ओसे भाप नूं ठंडा करो ते उह पानी बण जांदी है होर ठंडा करन ते बरफ। इस प्रकार पदारथ मरदा नही रूप बदल जांदा है। इह पड़्हायआ जांदा सी।)

---◈---



लंडन- हज़ारां लक्खां लोकां दे साहमने जदों जादूगर डायनमो हवा विच उपर उड्ड गया।

इनसान दी सभ तों वड्डी दिक्कत है कि उह समझदा है कि जिन्नी कु उस दी समरत्था है बाकी बन्द्यां दी वी ओनी ही है। उहनूं नही पता कि कई इहो जेहे बन्दे वी हैगे ने जेहड़े 400 वोलट बिजली दा करंट वी बरदाशत कर लैंदे ने। फिर कुझ अजेहे वी ने जेहड़े अद्धा अद्धा घंटा बरफ विच रह के वी नौ बर नौ रहन्दे ने। इक दिन असी किते दस्स रहे सी कि कई बन्दे इहो जेहे वी ने जेहड़े अंखां बन्न के कार वी चला लैंदे हन। इस गल ते झट्ट सानूं टोक दित्ता




ग्या। अखे जी इह चलाकी हुन्दी है। असां फिर बेनती कीती कि चमगिद्दड़ दियां तां अक्खां हुन्दियां ही नही। बावजूद उह तां बड़ा तेज उड्डदा है। उहदे कोल केहड़ा जी पी ऐस हुन्दा है?

साडा कहन तों मतलब है दुनिया परे तों परे है। जरूरी नही कि जो सानूं दिस्स रेहा है उहदे तों इलावा होर कुझ है ही नही। तां ही तां गुरू साहब ने लिख्या है, " एहु अंतु न जानै कोइ ॥ बहुता कहीऐ बहुता होइ ॥" सो सोचना शुरू करोगे तां विशालता होर वधदी जांदी है। मुकदी गल गुरू साहब ने कह दित्ता है कि जे बन्दा सच मुच्च स्रिसटी दे रचनहार तुल हो जाए तां ही इस नूं समझ सकदा है, "एवडु ऊचा होवै कोइ॥ तिसु ऊचे कउ जानै सोइ ॥"




सो वीरो तों भैणों दुनियां उस तों किते परे वी हैगी आ जिन्नी कु तुसी समझदे हो।

तुसी इह तां कह सकदे हो कि बाबा मदीने तों अक्ख दे पलकारे नाल सुलतानपुर लोधी किवे पहुंच ग्या? पर तुहानूं इह हक्क हासल नही कि तुसी कह द्यो कि जी इह संभव ही नही।

फिर वी जे समझदे हो कि इह संभव नही तां हेठां असी कुझ इक उदाहरणां दे रहे हां पहलां इहनां नूं सुलझा लओ फिर बाबे नानक ते सवाल करनां:



• सिरफ एना ही नही जदो इह लिखारी इह सतरां लिखन बारे सोच रेहा सी तां डिसकवरी चैनल दी इक्क वीड्यो वेखन दा मौका मिल ग्या जिस विच इक्क कुड़ी दे दिल्ल दा आप्रेशन साईबेरिया (रूस) विच कीता जाना है। कुड़ी नूं पहलां बरफ विच दब्ब के मार दित्ता जांदा है। फिर उहदी छाती खोली जांदी है, सरजरी कीती जांदी है ते फिर निग्गा पानी पा के कुड़ी दा साह दुबारा चला दित्ता जांदा है।

• सिरफ एना ही नही जादू दे मसले ते आ के तां कमाल ही हो जांदी है। केहड़े केहड़े पदारथ गायब ते प्रगट हुन्दां दी गल लिखां? लंडन दे निवासी हैरान प्रेशान हो जांदे ने जदों 'डायनमो' नां दा जादूगर लंडन दी थेमज नदी उते तुरना शुरू कर दिन्दा है। हां तुसी इस नूं नज़र दा धोखा कह सकदे हो। पर कैमरे वी धोखा खा गए? पर इह कौतक लक्खां लोकां वेख्या।

• एसे तरां इह जादूगर वड्डे सारे टैंक दे पानी नूं हत्थ नाल छूह के सारा ही जंमा दिन्दा है। इक्क जादू तां आपां आम भारत विच वी वेखदे हां कि सिक्के किसे दे हत्थ विच हुन्दे ने ते जादूगर किसे दूसरे दे हत्थ विचों लभ्भ लैंदा है। कदी यूरी जैलर नां दा जादूगर नज़र नाल ही चिमचे कड़छियां दूहरे कर दिन्दा है।

• ते होर लयो! पीरू (दक्खनी अमरीका) दे इंका सभिअता दे कारनाम्यां दा तां कहना ही। 60,000 टन तक्क भारे पत्थर नूं दूर समुन्दर किनारे तक्क लै जांदे ने। बोलीविया दे इंके पत्थर नूं इस तरां वरतदे सन जिवे रूं नूं। सैकड़े टन्न भारे पत्थर नूं जित्थे मरजी चुक्की फिरदे सन। फिर इनां दी कटायी वी इस तरां कीती होयी है जिवे मक्खन थांनी वाल कढ्ढीदा।कि उह पत्थरां नूं किवे वढ्ढदे सन सायंसदान हैरान हन? हो सकदा पंजाब दा नासतक वीर इस दा जवाब दे देवे।


हज़ारां शाहरुकां (गट्टारां) अते होर पंछियां दा इकट्ठयां इक पल विच जमीन ते आ डिग्गणा।

• कई इहो जेहे वी लोक ने जेहड़े 440 वोलट बिजली दा झटका सहजे ही सहार लैंदे ने। जे नही भरोसा तां केरला दे कोलम जिले दे शकतीकुलानगारा दे राज मोहन नायर जिनूं लोक इलैक्ट्रिक मोहन कहन्दे ने ओनूं जा के मिल के वेख लयो। जेहदा चमतकारां ते भरोसा नही उह ओनी वोलटेज दा कंडकटर बण के वेख लवे जिन्नी राज मोहन बरदाशत करदा वा। (यूट्यूब तों खोज लयो: Indian Magnetic Man) अजेहियां सुपर ह्यून मिसालां इक नही सैकड़े हजारां हन। डिसकवरी चैनल ते तां लगातार अजेहियां लड़ियां ही चलदियां रहन्दियां हन।

• कई इनसान सरीर नूं चुम्बक बना लैंदे ने ते हर चीज़ ओनां दे जिसम नाल चम्बड़दी जांदी है; हथौड़े, कुहाड़ियां, सन्नियां जां होर कोयी वी चीज़ दा नां लै लयो। आह वीडीयो सानूं मिली है जिस विच इक्क भायी दी छाती नाल किल्ल इउ चिम्बड़दे हन जिवे कोयी चुम्बक होवे । मिलो अरुन रायकवाड़ कवाड़ीए नूं पिंड ठाना जिला सागर मद्ध प्रदेस (यूट्यूब तों खोज लयो: Electricity High Voltage Human Conductor from India)

• (असी चमतकारां दी गल पड़्ह रहे सी ते इक्क गल होर पड़ी कि गाईआं जदों वी चुगदियां हन उनां दा मूंह जां तां पहाड़ पासे हुन्दा है जां दक्खन वल। खैर इह गल असां अजे अजमायी नही।)

• साडे विदवान नाकामयाब ने इह दस्सन विच कि इह क्यो हुन्दा है कि कदी पंछियां दियां डारां दियां डारां इकट्ठियां ही असमान विच दम तोड़ दिन्दियां हन ते पटाक पटाक आ जमीन ते डिग्गदियां हन।

• **पलैसीबो असर**- कई वार जदों डाकटर नूं रोग नां लभ्भा होवे तां उह मरीज नूं दवायी थां कोयी मिट्ठी गोली ही दे दिन्दे हन। डाकटर हैरान है कई वेरां सादे चूरन जां मिट्ठी गोली नाल ही मरीज ठीक हो जांदा है। डाकटरां दा कहना है कि कई वेरी मरीज नूं दस्स वी दिता जांदा है कि इह गोली उंज ही दित्ती जा रही है फिर वी मरीज़ ठीक हो जांदा है। डाकटरी भाशा विच इहनूं पलैसीबो इफैक्कट केहा जांदा है।

• चलो ओह तां छड्डो जे जल दी मच्छली असमानी चड़ जावे तां उहदा साडे कोल की ज्वाब है? भाव जे मच्छियां दा मींह ही वर पवे तां। पर कदी मच्छियां दे ते कदी डड्डियां दे अकसर मींह वरदे ही रहन्दे हन। पिच्छे जेहे मुम्बयी दे नासतकां वासते वड्डी मुसीबत आ पई जदों इथे वी मच्छियां दा मींह वर्या ते किसे ने वीडीयो बना यूट्यूब ते पा दित्ती।

• इतहास विच दरज है कि किवे 1794 विच फरांसीसी सिपाहियां ने दुहायी दे दित्ती जदों उनां साहमने डड्डियां (टोडज़)दा मीह वर्या सी। अते 1680 विच सप्पां दा मीह वरन करके लोक घबरा उठे सन।

• रोमानिया विच पत्थरां दा मींह
www.facebook.com/yaddibadunger/videos/320535825508463/

• **जानवरां दी हिज्जरत** - चाहे इह पंछी होन, हाथी होन, नील गावां होन, जां समुन्दर दियां मच्छियां ही होन, इह साल इक इलाके तों दूर दुराडे इलाके विच हज़ारां मीलां दा सफ़र करके हर साल पहुंचदे ने। उनां नूं राह कौन दस्सदा है, कौन दस्सदे कि फलानी थां ते खुराक है जिथे जाना वा? अमरीका दी मोनारक तितली दा जीवन सारा 6 महीने दा हुन्दा है। पर उह हजारां मील दे सफर ते निकलदी है। उहदे बच्च्यां नूं कौन दस्सदे कि


ਸਕੋਤਰਾ ਟਾਪੂ ਦੇ ਰੁੱਖ
सकोतरा टापू दे रुक्ख

फलानी थां जाना है?

● अकसर लक्खां मच्छियां दियां डारां जां पंछी इकट्ठे उड़दे हन बिनां इक दूसरे नाल टकराए। बड़ी खूबसूरती नाल कदी खब्बे मुड़दे हन कदी सज्जे।

● **परियां दे चक्कर**- अफरीकन मुलक नमीबियां दे घाह दे मैदानां विच चकोर शकलां बणदियां हन। इहनां दा व्यास तां कदी 15 मीटर तों वड्डा वी वेख्या जांदा है। इह इक दम स्टीक चक्कर कौन बणाउदा है?

● **तुरदे पत्थर** - सइंसदानां ने कई थांयी पत्थरां नूं इक थां तों दूसरी थां पहुंचे वेख्या है। इह सिद्धी रेखा विच चलदे हन। कदी कदी मोड़ वी कट्टदे हन। कदी पत्थर आपना खुद्द दा पासा वी बदल लैंदे हन?


ओकविले इलाके विच वेखे गए जिलब दे वड्डे वड्डे गोले किथों आए ते किवे?

● **वेल खुद्दकशी**- कदी वेल मच्छियां सैकड़े दी गिणती विच समुन्दर तों बाहर आ जांदियां हन ते मर मुक्क जांदियां ने। इह क्यु?

● **ओकविले जिलब दे गोले**- अमरीका दे ओकविले इलाके विच 7 अगस्त 1994 दे तूफान मौके जैली वरगे जिलब दे गोले डिग्गे। मलाहज़ा करन ते पता लग्गा कि इनां विच मनुक्खी सैल (कोशकावां) वी सन। किसे कोलो कोयी जवाब नही कि इह की सी? इहनां दे सम्परक विच जो वी आया बीमार होया जां मार्या ग्या खास करके कुत्ते बिल्लियां अते इनसान।

● **सकोतरा टापू**- यमन दे लागे समुन्दर विच सकोतरा नां दे टापू ते जे तुसी जायो तां महसूस करोगे कि किसे दूसरी ही धरती ते आ गए हन। ओथे रुक्ख बूटे वक्खरी ही किसम दे हन। सइंसदान कहन्दे हन कि इथे कोयी 800 वक्खरियां ही परजातियां हन।

● **इंगलैंड दा स्टोनहैंज़** - अज्ज तों कोयी 5000 साल पहलां किसे ने वड्डियां वड्डियां चट्टानां नूं चकोर शकल विच खड़ा कर दिता। पत्थर एने वड्डे हन कि तुहाडा दिमाग चकराय जांदा है जदों सोचो कि इह पत्थर किवे इथे ल्यादे ते खड़े कीते। वड्डा पत्थर कोयी 30 फुट उच्चा ते वजन कोयी 25 टन्न। इनां नूं किस ने किवे ढोया?

● **परवार जाणा**- कदी जदों कोयी मर के जां मौत दे मूंह तों निकल के आउदा है तां उह दस्सदा है कि उस ने मौत उपरंत की वेख्या। कई वारी विछड़ चुक्कियां रूहां नाल वी मिलाप दी गल करदा है। फुरना फुरना (Intution)- की तुहानूं आउन वाली घटना दा पहलां ही कदी अभास होया है? इह हर सोचवान बन्दे नाल हुन्दा रहन्दा है। हां इह सच्च है कि कई वेरी मन्न ऐवे ही ड्री जाऊ पर कदी फुरना सच्चा वी निकल आउदा है? इह किवे?


मच्छियां दा मींह। तुसी कहोगे नही जी इह ट्रक्क तों डिग्ग पईआं ने। पर कामरेड भा जी नोट करनां इह मुरदा मच्छियां नही। मुरदा कोयी पुष्टी पई हुन्दी है कोयी सिद्धी। जे फिर वी नही भरोसा तां यूट्यूब तों कोयी लाईव वीडीयो वेख लओ।

● **असमानी तवे** (UFO) - हुन तक अनेकां थावां ते असमानी तवे तशतरियां वेखे गए ने। कई वारी तां उह वहम जां भुलेखे दे मसले निकले ने पर कई थावां ते सइंसदानां ने उहनां नूं सच्च मन्न्या है।

● **लोकां दा गवाचणां**- बच्च्यां जां लोकां दे अलोप होन जां गवांचन दे केस अकसर अखबारां विच आउदे रहन्दे हन । बहुती वारी तां पुलिस इह केस हल्ल कर लैंदी है। पर कई वारी लक्ख कोशिशां दे बावजूद बन्दे दा अता पता नही लग्ग पाउदा। बन्दा वी झट्ट ही गायब होया हुन्दा है। भारत दी गल छड्डो जिथे पुलिस दी कारगुजारी वधिया नही, इहो जेहे केस पच्छम विच वी हुन्दे ही रहन्दे हन। उह लोक किथे गायब हो जांदे हन?

● **पिछला जनम याद होणा**-कयी वेरां इनसान आपने पुराने जनम दे सथान अते रिसतेदारां नूं वी पछान लैंदे हन। इह किवे?

● आह वीडीयो वेखना अते सुणना: https://www.youtube.com/watch?v=2LoMbJcfzXE

● 10 घंटे पहलां मर चुक्की ड्राईवर दी कार 'चों अवाज आउदी है, "बचायो! मैनूं बचा लओ!!" (गवाह अते बचाय वाली अवाज रिकारड ते है।)

● शैरन मकएए नां दी जनानी दा कैंसर दा इलाज चल रेहा सी। पर इक दिन डाकटरां ने उहदे रिशतेदारां नूं जवाब दे दिता कि कैंसर हर अंग खास करके गुरद्यां तक फैल चुक्की है इहदा हुन कोयी इलाज नही। उनां केहा कि हर दो-तिन्न दिन बाद इनूं हसपताल ले आया करो तां कि इहनूं दरद आदि दी दवायी लोड़ अनुसार दित्ती जा सके।


नौं बर नौं शैरन। जिन्नू डाकटरां जवाब दे दित्ता सी।

हफते बाद जदों उह दुबारा हसपताल जांदी है तां चैक्क अप बाद पता लगदा है कि मरीज दा तां सभ कुझ बिलकुल नारमल है। डाकटरां अते नरसां दी कलास लगदी है कि तुसी किसे दूसरे मरीज दियां रिपोरटां दे अधार ते इनूं लायलाज कैंसर मरीज बना दित्ता? सारा रिकारड चैक्क कीता जांदा है। ऐकसरेय तों भाव हड्डियां आदि तों पता लग जांदा है कि रिपोटां तां शरन दियां ही सन। पर कोयी चमतकार हो चुक्का सी। शैरन अज्ज वी जीदीं जागदी है।

● **रूबी कैसीमीरो** -डाकटरां दी लक्ख कोशिश दे बावजूद डलिवरी मौके रूबी रब्ब नूं प्यारी हो गई। बच्चा तां बच्च गया। करीब घंटे कु बाद वारसां ने वेख्या कि लाश विच हिल जुल्ल है। डाकटरां चैक्क कीता। रूबी तां जिन्दा सी।

पर डाकटरां दा कहना सी कि कदी कदायी अजेहा हो जांदा है कि मरीज दा दिल्ल दुबारा चल्ल पैंदा है पर फायदा कोयी नही हुन्दा क्युकि सुरजीत होया इनसान दुबारा नारमल जिन्दगी नही जींदा। क्युकि दिमाग नूं जे कुझ कु मिंट खून दी सपलायी नां मिले तां उहदे बहुते टिश्शू मर जांदे ने।

पर रूबी तां पूरी तरां नौ बर नौ जिन्दगी जी रही है। इह किवे?

Ô हसपतालां दे मुरदाघरां विच प्या बन्दा साह लैना शुरू कर दिन्दा है। अजेहे केस तां भारत विच आम ही हुन्दे रहन्दे हन।




● **ग्रेसन करबी**- मशहूर तेज कार रेसर दा अजेहा ऐकसीडैंट होया कि कार वी साफ अते ग्रेसन दियां 50% हड्डियां टुट्ट गईआं। फेफड़े वी पैंचर हो गए।बड़ी जद्दोजहद उपरंत उनूं कार दे कबाड़ विचों कढ्ढ्या। उहदा साह चल रेहा सी। पर मौके ते हाजर डाकटरां नूं ज्यादा उमीद नही सी। उह हसपताल तक नां पहुंच पायआ। जिवे डाकटरी दा असूल है कि तुरंत होयी मौत ते डाकटर नकली साह दिन्दे हन जिस नाल ग्रेसन दा साह चल प्या। उनां वैंटीलेटर ते पा दित्ता। डाकटरां नूं पता सी कि जे बच्च वी गया तां मात्र साह लैंदी लाश ही होवेगी। साल भर ग्रेसन हसपताल रेहा। दुनिया हैरान है अज्ज उह फिर ट्रैक ते है। डाकटर कहन्दे अजेहे रेसर (दौड़ाकां) विच जीन दी ताकत बहुत हुन्दी है। इह इनसानी हौसले करके है।

सो इह कुझ उदाहरणां दे के असी दस्सन दी कोशिश कीती है कि सइंस अधूरी है। जरूरी नही कि जिस गल दा सानूं पता नही उह हुन्दी ही नही।

---◈---

पर जे इहो चमतकार बाबा कर देवे तां ओदो असी मुनक्कर हो जांदे? साडी मुशकल इह है कि असी समझदे हां कि जो कंम असी नही कर सकदे बाबा नानक वी नही सी कर सकदा।

गुरू नानक पातशाह आप चमतकार बारे की सोचदा है इस पक्ख दे साहमने इह गल्लां निगूणियां हो जांदियां। आओ इधर परतीए:-




देस बराजील। इंगा दर्या दा कंढा। अगल्यां पहलां 46 मीटर लंमे अते 4 मीटर पहाड़ नूं इऊ वढ्ढ के सिद्धा कीता जिवे मक्खन दे टुकड़े कर दईदे ने। फिर उस ते कुझ तराश्या जिन्नू अज तक विदवान समझन दी कोशिश कर रहे ने।

उनां तां सिधांत दी जड़्ह ही खोल के रक्खी जदों केहा- "हुकमी होवनि आकार हुकमु न कहआ जायी ॥ हुकमी होवनि जिय हुकमि मिलै वड्यायी ॥ "

बाबे नानक दा नाम दा सिधांत तां है ही निरा चमतकार: "सुणिऐ सरा गुना के गाह ॥ सुणिऐ सेख पीर पातिसाह ॥ सुणिऐ अंधे पावह राहु ॥ सुणिऐ हाथ होवै असगाहु ॥ नानक भगता सदा विगासु ॥ सुणिऐ दूख पाप का नासु ॥"

बाबा तां स्रिसटी रचना वी इक्क झटके नाल होना मन्नदा है "जो किछु पायआ सु एका वार ॥" उह कहन्दा स्रिसटी जां जीवन तां इक्क खेड तमाशा है, नाटक है, जिस दी समझ विरले नुं पैंदी है:- "सभु किछु हरि का खेलु है गुरमुखि किसै बुझायी ॥"



पूंमा पुंकू चटानां-बोलीविया मुलक दे टीवानाकू लागे वी 1600 साल पुराना इक असथान है जिथे पत्थरां नूं इवे तराश्या होया है जिवे मोम तराशीदी है। इथे कई पत्थर तां 8 मीटर लंमे अते 5 मीटर तक चौड़े वी हैन। इहनां नूं वेख इंजियर दन्दां थल्ले जबान लै लैंदे हन कि एडे एडे पत्थर अगल्यां किवे चुक्के होणगे? उह केहड़ी सइंस सी जिस नाल पत्थर नूं इवे तराश्या जांदा सी।

उह तां इस गल नूं मन्नदा है कि करता जिन्नूं मरजी मार के भावे फिर जिवा दे; "कीड़ा थापि देइ पातिसाही लसकर करे सुआह ॥ जेते जिय जीवह लै साहा जीवाले ता कि असाह ॥"

गुरू दा मन्नना है कि रब्ब दे प्यारे भाव भगत ओहो ताकत रक्खदे हन जो रब्ब दी है:-

"जा की भगति हेतु मुखि नामु ॥ संत भगत की संगति रामु ॥ बंधन तोरे सहजि ध्यानु ॥"

पर जो नासतक वीरां दी सोच है उह कुदरती वरतारा है ते जुग्गां जुग्गां तों इह कुझ हुन्दा आया है। कदी साकत दा बोल बाला हो जांदा है ते कदी उह हार जांदा है। इस वरतारे विच उसदी मौजूदगी जरूरी है। नाटक जां फिलम विच हर पातर दी आपनी अहमियत है। खलनायक बगैर कोयी वी फिलम अधूरी है।

"भगता तै सैसारिया जोड़ कदे न आया ॥ करता आपि अभुलु है न भुलै किसै दा भुलायआ ॥"


सिक्ख सिधांत इह मन्नदा है कि जेहड़ा इनसान निरंकार नाल इक्क मिक हो जांदा है, जेहदे मित्र सत्रु समानि हो जान, जेहदा सुभाय धरती वरगा हो जाए कि भाए कोयी खोदे पुट्टे, जो पानी वरगा निरमल हो जाए तां कुदरती करतार दियां सारियां सिफतां उस विच प्रगट हो जांदियां हन। ब्रहम ग्यानी आपि निरंकारु हो जांदा है।

पंचम पातशाह ने लिख्या है कि: "सतिगुरु मेरा सरब प्रतिपालै ॥ सतिगुरु मेरा मारि जीवालै ॥"

सो गल ते इथे ही मुक्क जांदी है। पर इह चीज़ां नासतक बन्दे नूं नही दिसणगियां। जिन्नां चिर इनसान इह सारे वरतारे नूं नही समझदा सारी स्रिसटी उस नूं नासतक नजरीए वाली ही दिसेगी। करते दी खेड कुझ अजेही है। नासतक बन्दा आपनी थां सच्चा साबत हो जाएगा क्युकि सिधांत है।"हउमै बूझै ता दरु सूझै ॥ ग्यान वेहूना कथि कथि लूझै ॥ नानक हुकमी लिखीऐ लेखु ॥ जेहा वेखह तेहा वेखु ॥"

मुक्कदी गल कि की वजा सी बाबा नानक हर वारी हर थां पुज्ज के सप्पां दी रुड्ड विच जा हत्थ पाउदा सी? उह केहड़ी ताकत सी जो उनूं बचाउदी सी? फकीरां विच, कदी वजीरां विच। कदी बादशाह दे मूंह ते कह दिन्दा कि तूं जुलम कर रेहा वां। कदी ठग्गां दे घेरे विच, कदी नांगे साधां विच, कदी जोगियां विच, कदी बनारस, कदी हरदुआर, कदी कुलशेतर, कदी जगनाथपुरी, कदी मक्के कदी मदीने, उह बरफीले परबतां दी प्रवाह नही करदा ते नां ही मारू थलां दी। उह समुन्दरां टप्प जांदा। नदियां उनूं राह दिन्दियां। खतरनाक जानवरां नाल भरे जंगल उहदा रसता नां रोकदे।

—▲—



असंख खते खिन बखसनहारा ॥
नानक साहब सदा दयारा ॥

शुरू 10-11-2016 समापत 4-2-2020
भबीशन सिंघ गुरायआ - लेखक